(This Question paper contains 2 printed page) **Roll Number** ____________

S.No. of Question Paper : 7768
Unique Paper Code : 2123102008
Name of the Paper : Prerna Dayak Punjabi Vartak
Name of the Course : DSE
Semester : VIII
Duration: 3 Hours Maximum Marks: 90

**Instructions for Candidates**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

## ਭਾਗ ਪਹਿਲਾ

1. ਪ੍ਰੇਰਨਾਦਾਇਕ ਸਾਹਿਤ ਤੋਂ ਕੀ ਭਾਵ ਹੈ ਅਤੇ ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ ਹਨ? 15

ਜਾਂ

ਕੀ ਕਿਸੇ ਸਾਹਿਤਕ ਰਚਨਾ ਨੂੰ ਸਿਰਫ਼ ਉਸ ਦੇ ਉਪਦੇਸ਼ਾਤਮਕ ਲਹਿਜੇ ਕਾਰਨ 'ਪ੍ਰੇਰਨਾਦਾਇਕ' ਮੰਨਿਆ ਜਾ ਸਕਦਾ ਹੈ? ਪ੍ਰੇਰਨਾਦਾਇਕ ਪੰਜਾਬੀ ਵਾਰਤਕ ਦੇ ਸੰਬੰਧ ਵਿਚ ਚਰਚਾ ਕਰੋ।

## ਭਾਗ ਦੂਜਾ

2. ਸਟੀਫਨ ਹਾੱਕਿੰਗ ਦੇ ਜੀਵਨ ਸੰਘਰਸ਼ ਨੂੰ ਮੁੱਖ ਰੱਖਦਿਆਂ, 'ਅਣ-ਛਿਪਿਆ ਸੂਰਜ' ਸਿਰਲੇਖ ਦੀ ਸਾਰਥਕਤਾ ਸਪੱਸ਼ਟ ਕਰੋ। 15

ਜਾਂ

ਹੈਲਨ ਐਡਮਜ ਕੈਲਰ ਦੇ ਜੀਵਨ ਵਿੱਚ ਉਸ ਦੀ ਅਧਿਆਪਿਕਾ ਦੇ ਯੋਗਦਾਨ ਅਤੇ ਹੈਲਨ ਦੇ ਵਿਸ਼ਵ-ਵਿਆਪੀ ਪ੍ਰਭਾਵ ਦਾ ਵਿਸ਼ਲੇਸ਼ਣ ਕਰੋ।

3. ਅਰੁਨਿਮਾ ਸਿਨਹਾ ਦੇ ਜੀਵਨ ਤੋਂ ਅਜੋਕੀ ਨੌਜਵਾਨ ਪੀੜ੍ਹੀ ਨੂੰ ਕੀ ਸਿੱਖਿਆ ਮਿਲਦੀ ਹੈ? 10

ਜਾਂ

'ਕਾਢਾਂ ਦਾ ਬਾਦਸ਼ਾਹ' ਜੀਵਨੀ ਦੇ ਆਧਾਰ 'ਤੇ ਦੱਸੋ ਕਿ ਸਫਲਤਾ ਲਈ ਜੀਨੀਅਸ ਹੋਣ ਨਾਲੋਂ ਮਿਹਨਤੀ ਹੋਣਾ ਕਿਉਂ ਜ਼ਰੂਰੀ ਹੈ?

## ਭਾਗ ਤੀਜਾ

4. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਲੇਖ **'ਕੰਮ ਦੀ ਚੋਣ'** ਦੇ ਆਧਾਰ 'ਤੇ ਦੱਸੋ ਕਿ ਸਹੀ ਕਿੱਤੇ ਦੀ ਚੋਣ ਮਨੁੱਖੀ ਖੁਸ਼ੀ ਅਤੇ ਸਫਲਤਾ ਵਿੱਚ ਕਿਵੇਂ ਸਹਾਇਕ ਹੁੰਦੀ ਹੈ? 15

ਜਾਂ

ਨਰਿੰਦਰ ਸਿੰਘ ਕਪੂਰ ਦੀ ਸ਼ਬਦ-ਚੋਣ ਅਤੇ ਦਲੀਲਬਾਜ਼ੀ **'ਜੀਵਨ ਮਨੋਰਥ'** ਨੂੰ ਸਮਝਣ ਵਿੱਚ ਕਿਵੇਂ ਮਦਦਗਾਰ ਹੈ? ਉਦਾਹਰਨਾਂ ਸਹਿਤ ਚਰਚਾ ਕਰੋ।

5. ਨਿੰਦਰ ਘੁਗਿਆਣਵੀ ਦੇ ਨਿਬੰਧ 'ਜਰੂਰ ਹੋ ਸਕਦਾ ਹੈ ਇੰਝ!' ਜਾਂ ਅਮਰ ਕੋਮਲ ਦੇ ਨਿਬੰਧ 'ਸਵੈ ਦੀ ਪਹਿਚਾਣ' ਵਿੱਚੋਂ ਕਿਸ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਤੇ ਕਿਉ? ਚਰਚਾ ਕਰੋ। 10

## ਭਾਗ ਚੌਥਾ

6. ਡਾ. ਵਣਜਾਰਾ ਬੇਦੀ ਦੇ **ਜੀਵਨ ਅਤੇ ਰਚਨਾ** ਬਾਰੇ ਵਿਸਥਾਰ ਸਹਿਤ ਚਰਚਾ ਕਰੋ ਅਤੇ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਚਰਚਾ ਕਰੋ। 15

ਜਾਂ

ਸਵੈ-ਜੀਵਨੀ **'ਗਲੀਏ ਚਿਕੜੁ ਦੂਰਿ ਘਰੁ'** ਦੇ **ਵਿਸ਼ਾ ਪੱਖ** ਨੂੰ ਮੁੱਖ ਰੱਖਦਿਆਂ, ਇਸ ਵਿਚ ਪੇਸ਼ ਹੋਏ ਮਨੁੱਖੀ ਸੰਘਰਸ਼ ਅਤੇ ਸੱਭਿਆਚਾਰਕ ਪਿਛੋਕੜ ਦਾ ਵਿਸ਼ਲੇਸ਼ਣ ਕਰੋ।

7. ਲੇਖਕ ਦੇ ਜੀਵਨ ਤੋਂ ਸਾਨੂੰ 'ਨਿਰੰਤਰ ਮਿਹਨਤ' ਬਾਰੇ ਕੀ ਪ੍ਰੇਰਨਾ ਮਿਲਦੀ ਹੈ? 10

ਜਾਂ

ਵਣਜਾਰਾ ਬੇਦੀ ਦੇ ਜੀਵਨ ਉੱਤੇ ਪਏ ਪ੍ਰਮੁੱਖ ਪ੍ਰਭਾਵਾਂ (ਵਿਅਕਤੀਗਤ ਅਤੇ ਸਾਹਿਤਕ) ਦਾ ਜ਼ਿਕਰ ਕਰੋ।